# ਐਨ ਐਸ ਈ ਦੀ ਸਾਬਕਾ ਐਮ ਡੀ ਨੂੰ 14 ਦਿਨਾਂ ਜੁਡੀਸ਼ਲ ਹਿਰਾਸਤ ਵਿੱਚ ਜੇਲ੍ਹ ਭੇਜਿਆ

* ਜੇਲ੍ਹ ਅੰਦਰ ਸਹੂਲਤਾਂ ਦੀ ਮੰਗ ਨੂੰ ਜੱਜ ਨੇ ਨਕਾਰਿਆ



ਨਵੀਂ ਦਿੱਲੀ, 15 ਮਾਰਚ (ਪੋਸਟ ਬਿਊਰੋ)- ਇੱਥੋਂ ਦੀ ਇੱਕ ਅਦਾਲਤ ਨੇ ਨੈਸ਼ਨਲ ਸਟਾਕ ਐਕਸਚੇਂਜ (ਐਨ ਐਸ ਈ) ਦੀ ਸਾਬਕਾ ਐਮ ਡੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਚਿੱਤਰਾ ਰਾਮਕ੍ਰਿਸ਼ਨਾ ਨੂੰ ਕੋ-ਲੋਕੇਸ਼ਨ ਕੇਸ ਦੇ ਸਬੰਧ ਵਿੱਚ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚਭੇਜ ਦਿੱਤਾ ਹੈ। ਉਸ ਵੱਲੋਂ ਜੇਲ੍ਹ ਵਿੱਚ ਵਿਸ਼ੇਸ਼ ਸਹੂਲਤਾਂ ਦੀ ਬੇਨਤੀ ਨੂੰ ਵੀ ਅਦਾਲਤ ਨੇ ਨਕਾਰ ਦਿੱਤਾ ਅਤੇ ਕਿਹਾ ਕਿ ਉਸ ਨਾਲ ਵੱਖਰਾ ਸਲੂਕ ਨਹੀਂ ਕੀਤਾ ਜਾ ਸਕਦਾ। ਸਪੈਸ਼ਲ ਜੱਜ ਸੰਜੀਵ ਅਗਰਵਾਲ ਨੇ ਹੁਕਮ ਦਿੱਤੇ ਕਿ ਚਿੱਤਰਾ ਰਾਮਕ੍ਰਿਸ਼ਨਾ ਨੂੰ 28 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਵਕੀਲ ਵੱਲੋਂ ਚਿੱਤਰਾ ਰਾਮਕ੍ਰਿਸ਼ਨਾਨੂੰ ਜੇਲ੍ਹ ਵਿੱਚ ਘਰ ਦਾ ਬਣਿਆ ਭੋਜਨ ਦੇਣ ਦੀ ਬੇਨਤੀ ਕੀਤੀ ਤਾਂ ਅਦਾਲਤ ਨੇ ਰੱਦ ਕਰ ਦਿੱਤੀ।ਜੱਜ ਨੇ ਕਿਹਾ, ''ਮੈਂ ਵੀ ਜੇਲ੍ਹ ਦਾ ਖਾਣਾ ਖਾਧਾ ਹੈ ਅਤੇ ਇਹ ਬਹੁਤ ਵਧੀਆ ਹੁੰਦਾ ਹੈ।'' ਅਦਾਲਤ ਨੇ ਚਿੱਤਰਾ ਨੂੰ ਜੇਲ੍ਹ ਅੰਦਰ ਮਾਸਕ ਲਿਜਾਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਅਤੇ ਕਿਹਾ, ''ਵੀ ਆਈ ਪੀ ਕੈਦੀ ਸਾਰਾ ਕੁਝ ਚਾਹੁੰਦੇ ਹਨ, ਪਰ ਹਰ ਕੈਦੀ ਬਰਾਬਰ ਹੈ। ਉਸ ਨਾਲ ਵੱਖਰਾ ਸਲੂਕ ਨਹੀਂ ਕੀਤਾ ਜਾ ਸਕਦਾ।'' ਅਦਾਲਤ ਨੇ ਚਿਤਰਾ ਰਾਮਕ੍ਰਿਸ਼ਨਾ ਦੇ ਵਕੀਲ ਵੱਲੋਂ ਐਨਕਾਂ, ਧਾਰਮਿਕ ਪੁਸਤਕ ਤੇ ਦਵਾਈਆਂ ਜੇਲ੍ਹ ਅੰਦਰ ਲਿਜਾਣ ਦੀ ਬੇਨਤੀ ਮੰਨ ਲਈ। ਵਰਨਣ ਯੋਗ ਹੈ ਕਿ ਸੀ ਬੀ ਆਈ ਨੇ ਚਿੱਤਰਾ ਦਾ ਸੱਤ ਦਿਨਾਂ ਦਾ ਰਿਮਾਂਡ ਖਤਮ ਹੋਣ ਮਗਰੋਂ ਅਦਾਲਤ ਵਿੱਚ ਪੇਸ਼ ਕੀਤਾ ਸੀ। ਸੀ ਬੀ ਆਈ ਦੇ ਵਕੀਲ ਨੇ ਕਿਹਾ ਕਿ ਚਿੱਤਰਾ ਪੁੱਛਗਿੱਛ ਵਿੱਚ ਸਹਿਯੋਗ ਨਹੀਂ ਕਰ ਰਹੀ। ਅਦਾਲਤ ਨੇ ਇਸ ਉੱਥੇ ਸਵਾਲ ਕੀਤਾ, ''ਕੀ ਜਾਂਚ ਦੌਰਾਨ ਤੁਹਾਨੂੰ ਲੱਗਾ ਕਿ ਉਹ ਮਾਸਟਰ ਮਾਈਂਡ ਹੈ ਜਾਂ ਕੋਈ ਹੋਰ ਸਾਜ਼ਿਸ਼ ਘੜ ਰਿਹਾ ਹੈ।'' ਸੀ ਬੀ ਆਈ ਦੇ ਵਕੀਲ ਨੇ ਕਿਹਾ ਕਿ ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

# ਤਾਲਿਬਾਨ ਨੇ ਮੇਕਅਪ ਤੇ ਛੋਟੇ ਕੱਪੜਿਆਂ ਉਤੇ ਰੋਕ ਲਗਾਈ

* ਹੇਰਾਤ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਉੱਤੇ ਵੀ ਰੋਕ



ਕਾਬੁਲ, 15 ਮਾਰਚ (ਪੋਸਟ ਬਿਊਰੋ)- ਅਫਗਾਨ ਔਰਤਾਂ ਉੱਤੇ ਇੱਕ ਹੋਰ ਪਾਬੰਦੀ ਲਾਉਂਦੇ ਹੋਏ ਤਾਲਿਬਾਨ ਨੇ ਹੇਰਾਤ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੂੰ ਮੇਕਅਪ ਨਾ ਕਰਨ ਅਤੇ ਛੋਟੇ ਕੱਪੜੇ ਨਾ ਪਹਿਨਣ ਲਈ ਕਿਹਾ ਹੈ। ਇਸ ਤੋਂ ਇਲਾਵਾ ਤਾਲਿਬਾਨ ਨੇ ਗੈਰ ਮਹਿਰਮ ਮਰਦ ਪ੍ਰੋਫੈਸਰਾਂ ਦੀ ਆਵਾਜ਼ ਰਿਕਾਰਡ ਕਰਨਦੀ ਪਾਬੰਦੀ ਲਾ ਦਿੱਤੀ ਹੈ। ਜਿਹੜੇ ਮਰਦ ਰਿਸ਼ਤੇ ਵਿੱਚ ਨਹੀਂ ਹੁੰਦੇ, ਉਹ ਗੈਰ ਮਹਿਰਮ ਕਹੇ ਜਾਂਦੇ ਹਨ।

ਪਿਛਲੇ ਸਾਲ ਅਗਸਤ ਵਿੱਚ ਅਫਗਾਨਿਸਤਾਨ ਉੱਤੇ ਕਬਜ਼ਾ ਕਰਨ ਵਾਲੇ ਤਾਲਿਬਾਨ ਨੇ ਔਰਤਾਂ ਦੇ ਅਧਿਕਾਰ ਤੇ ਉਨ੍ਹਾਂ ਦੀ ਆਜ਼ਾਦੀ ਵਿੱਚ ਕਟੌਤੀ ਕਰ ਦਿੱਤੀ ਹੈ। ਆਰਥਿਕ ਸੰਕਟ ਅਤੇ ਪਾਬੰਦੀਆਂ ਕਾਰਨ ਔਰਤਾਂ ਕੰਮ ਵਾਲੀਆਂ ਥਾਵਾਂ ਤੋਂ ਵੱਡੀ ਗਿਣਤੀ ਵਿੱਚ ਬਾਹਰ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਅਫਗਾਨਿਸਤਾਨ ਵਿੱਚ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਦੁਨੀਆਂ ਦੇ ਘੱਟੋ-ਘੱਟ 17 ਦੇਸ਼ਾਂ ਦੀਆਂ ਮਹਿਲਾ ਵਿਦੇਸ਼ ਮੰਤਰੀਆਂ ਨੇ ਅਫਗਾਨਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਔਰਤਾਂ ਖਿਲਾਫ ਪਾਬੰਦੀ ਉੱਤੇ ਗੰਭੀਰ ਚਿੰਤਾ ਪ੍ਰਗਟਾਈ ਸੀ। ਵਿਦੇਸ਼ ਮੰਤਰੀਆਂ ਨੇ ਤਾਲਿਬਾਨ ਨੂੰ ਸਭ ਪਾਬੰਦੀਆਂ, ਖਾਸ ਤੌਰ ਉੱਤੇ ਸਿੱਖਿਆ ਉੱਤੇ ਪਾਬੰਦੀ ਖਤਮ ਕਰਨ ਨੂੰ ਕਿਹਾ ਸੀ। ਵਰਨਣ ਯੋਗ ਹੈ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਤਾਲਿਬਾਨ ਨੇਤਾਵਾਂ ਨੇ ਵਾਅਦਾ ਕੀਤਾ ਸੀ ਕਿ ਉਹ ਸਰਕਾਰ ਵਿੱਚ ਔਰਤਾਂ ਨੂੰ ਸ਼ਾਮਲ ਕਰਨਗੇ, ਪਰ ਉਨ੍ਹਾਂ ਨੇ ਉਨ੍ਹਾਂ ਨੂੰ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਕਰਨਾ ਸ਼ੁਰੂ ਕਰ ਦਿੱਤਾ ਹੈ।

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਅਫਗਾਨਿਸਤਾਨ ਦੀ ਅੰਬੈਸੀ ਬੰਦ ਹੋਣ ਵਾਲੀ ਹੈ। ਇੱਕ ਮੀਡੀਆ ਰਿਪੋਰਟ ਮੁਤਾਬਕ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੂੰ ਮਾਨਤਾ ਨਾ ਮਿਲਣ ਅਤੇ ਪੈਸੇ ਦੀ ਘਾਟ ਵਿੱਚ ਅੰਬੈਸੀ ਅਗਲੇ ਕੁਝ ਹਫਤਿਆਂ ਵਿੱਚ ਬੰਦ ਹੋ ਜਾਵੇਗੀ। ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜ਼ੇ ਤੋਂ ਪਹਿਲਾਂ ਦੀ ਸਰਕਾਰ ਨੇ ਰਾਜਦੂਤਾਂ ਦੀ ਨਿਯੁਕਤੀ ਕੀਤੀ ਸੀ। ਉਨ੍ਹਾਂ ਕੋਲ ਅਮਰੀਕਾ ਵਿੱਚ ਰਹਿਣ ਲਈ ਅਰਜ਼ੀ ਦੇਣ ਲਈ ਸਿਰਫ ਇੱਕ ਮਹੀਨੇ ਦਾ ਸਮਾਂ ਬਚਿਆ ਹੈ। ਜੇ ਉਹ ਵਤਨ ਪਰਤਦੇ ਹਨ ਤਾਂ ਉਨ੍ਹਾਂ ਨੂੰ ਤਾਲਿਬਾਨ ਸਰਕਾਰ ਤੋਂ ਖਤਰਾ ਹੈ। ਵਾਸ਼ਿੰਗਟਨ ਵਿੱਚ ਅਫਗਾਨਿਸਤਾਨ ਅੰਬੈਸੀ ਵਿੱਚ ਕੰਮ ਕਰਦੇ 100 ਲੋਕਾਂ ਵਿੱਚੋਂ ਕਰੀਬ 25 ਜਣਿਆਂ ਨੇ ਅਜੇ ਤਕ ਵੀਜ਼ੇ ਦੀ ਅਰਜ਼ੀ ਨਹੀਂ ਦਿੱਤੀ। ਇਹ ਹਾਲ ਸਿਰਫ ਵਾਸ਼ਿੰਗਟਨ ਦਾ ਹੀ ਨਹੀਂ, ਬਹੁਤ ਸਾਰੇ ਦੇਸ਼ਾਂ ਵਿੱਚ ਅਫਗਨਿਸਤਾਨੀ ਅੰਬੈਸੀਆਂ ਤੇ ਵਪਾਰਕੌਂਸਲੇਟਾਂ ਦਾ ਵੀਹੈ। ਕਈ ਦੇਸ਼ਾਂ ਨੇ ਅਫਗਾਨਿਸਤਾਨ ਵਿੱਚ ਵੀ ਆਪਣੀਆਂ ਅੰਬੈਸੀਆਂ ਬੰਦ ਕਰ ਦਿੱਤੀਆਂ ਹਨ।

# ਜੱਥੇਦਾਰ ਟੌਹੜਾ ਦੇ ਜੱਦੀ ਘਰ ਉੱਤੇ ਭਾਜਪਾ ਦੇ ਝੰਡੇ ਨੇ ਚਰਚਾ ਛੇੜੀ

ਪਟਿਆਲਾ, 15 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 27 ਵਾਰ ਪ੍ਰਧਾਨ ਰਹੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਿੰਡ ਟੌਹੜਾ ਵਾਲੇ ਜੱਦੀ ਘਰ ਉੱਤੇ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੇ ਦੋ ਝੰਡੇ ਲਹਿਰਾ ਰਹੇ ਹਨ। ਜਥੇਦਾਰ ਟੌਹੜਾ ਦਾ ਛੋਟਾ ਦੋਹਤਾ ਕੰਵਰਵੀਰ ਸਿੰਘ ਭਾਜਪਾ ਵਿੱਚ ਸ਼ਾਮਲ ਹੋ ਜਾਣ ਕਾਰਨ ਟੌਹੜਾ ਪਰਵਾਰ ਦੀ ਆਲੋਚਨਾ ਹੋ ਰਹੀ ਹੈ ਅਤੇ ਸੁਖਬੀਰ ਸਿੰਘ ਬਾਦਲ ਨੂੰ ਵੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜੱਦੀ ਘਰ ਦੀ ਕੜੀਆਂ-ਛਤੀਰਾਂ ਵਾਲੀ ਛੱਤ ਨੂੰ ਵਿਰਾਸਤ ਵਜੋਂ ਸਾਂਭਣ ਲਈ ਕਹਿੰਦੇ ਰਹੇ ਸਨ, ਪਰ ਉਨ੍ਹਾਂ ਦੇ ਪਰਵਾਰ ਨੇਇਸ ਘਰ ਨੂੰ ਇੱਟਾਂ, ਸੀਮੈਂਟ ਦਾ ਬਣਿਆ ਮਕਾਨ ਹੀ ਮੰਨਿਆ।ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਇਸ ਲਈ ਪੂਰੀ ਤਰ੍ਹਾਂ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਟਕਸਾਲੀ ਅਕਾਲੀ ਪਰਵਾਰਾਂ ਦੀ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਸਾਰੀ ਉਮਰ ਜਥੇਦਾਰ ਟੌਹੜਾ ਨੇ ਆਰ ਐਸ ਐਸ ਨੂੰ ਸਿੱਖਾਂ ਦੀ ਦੁਸ਼ਮਣ ਜਮਾਤ ਕਿਹਾ, ਪਰ ਅੱਜ ਉਨ੍ਹਾਂ ਦੇ ਜੱਦੀ ਘਰ ਉੱਤੇ ਭਾਜਪਾ ਦਾ ਝੰਡਾ ਲਹਿਰਾਉਣਾ ਮੰਦਭਾਗਾ ਹੈ। ਪਿੰਡ ਦੇ ਵਸਨੀਕ ਰਾਜਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਜਥੇਦਾਰ ਟੌਹੜਾ ਦਾ ਪਰਵਾਰ ਪੰਥਕ ਸੋਚ ਨੂੰ ਤਿਲਾਂਜਲੀ ਦੇ ਚੁੱਕਿਆ ਹੈ।

ਦੂਸਰੇ ਪਾਸੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜਵਾਈ ਹਰਮੇਲ ਸਿੰਘ ਟੌਹੜਾ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਭਾਜਪਾ ਵਿੱਚ ਸ਼ਾਮਲ ਹੋ ਜਾਣ ਕਾਰਨਇਸ ਘਰ ਉੱਤੇ ਭਾਜਪਾ ਦਾ ਝੰਡਾ ਲਾਉਣਾ ਉਸ ਦੀ ਮਰਜ਼ੀ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਨਾਲਅਕਾਲੀ ਦਲ ਚੋਣ ਸਮਝੌਤਾ ਕਰ ਸਕਦਾ ਹੈ ਤਾਂ ਉਨ੍ਹਾਂ ਦਾ ਪੁੱਤਰ ਭਾਜਪਾ ਵਿੱਚ ਸ਼ਾਮਲ ਹੋਣ ਮਗਰੋਂ ਆਪਣੇ ਘਰਝੰਡਾ ਕਿਉਂ ਨਹੀਂ ਲਾ ਸਕਦਾ। ਭਾਜਪਾ ਵਿੱਚ ਸ਼ਾਮਲ ਹੋਏ ਛੋਟੇ ਜਥੇਦਾਰ ਟੌਹੜਾ ਦੇ ਦੋਹਤੇ ਕੰਵਰਵੀਰ ਸਿੰਘ ਨੇ ਕਿਹਾ ਕਿ ਉਹ ਭਾਜਪਾ ਦਾ ਪੱਕਾ ਵਰਕਰ ਹੈ ਤੇ ਜਦੋਂ ਉਸ ਨੇ ਪੱਕਾ ਧਾਰ ਲਿਆ ਕਿ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਘਰ ਵਿੱਚ ਹੀ ਰਹੇਗਾ ਤਾਂ ਉਸ ਦੇ ਘਰ ਉੱਤੇ ਭਾਜਪਾ ਦਾ ਝੰਡਾ ਲਾਉਣਾ ਕੋਈ ਗੁਨਾਹ ਨਹੀਂ ਹੈ।

# ਪੰਜਾਬ ਦੇ ਨਵੇਂ ਚੁਣਿਆਂ 117 ਵਿਧਾਇਕਾਂ ਵਿੱਚੋਂ 58 ਉੱਤੇ ਅਪਰਾਧਕ ਕੇਸ ਦਰਜ

ਜਲੰਧਰ, 15 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਚੋਣ ਸੁਧਾਰਾਂ ਲਈ ਵੱਡੇ ਪੱਧਰ ਉੱਤੇ ਕੰਮ ਕਰਨ ਵਾਲੀ ਸੰਸਥਾ ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਐੱਫ ਡੀ ਆਰ) ਅਤੇ ਪੰਜਾਬ ਇਲੈਕਸ਼ਨ ਵਾਚ ਵੱਲੋਂ ਪੰਜਾਬ ਦੇ ਨਵੇਂ ਚੁਣੇ ਗਏ ਵਿਧਾਨ ਸਭਾ ਮੈਂਬਰਾਂ ਦੇ ਅਪਰਾਧਿਕ, ਵਿੱਤੀ, ਵਿੱਦਿਅਕ ਤੇ ਹੋਰ ਪਿਛੋਕੜ ਬਾਰੇ ਵਿਸਥਾਰਤ ਰਿਪੋਰਟ ਜਾਰੀ ਕਰਦੇ ਹੋਏ ਜਸਕੀਰਤ ਸਿੰਘ, ਪਰਵਿੰਦਰ ਸਿੰਘ ਕਿੱਤਣਾ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੇ ਪਿਛੋਕੜ ਬਾਰੇ ਇਹ ਜਾਣਕਾਰੀ ਚੋਣ ਕਮਿਸ਼ਨ ਨੂੰ ਨਾਮਜ਼ਦਗੀ ਪੱਤਰ ਭਰਨ ਵੇਲੇ ਦਿੱਤੇ ਐਫੀਡੇਵਿਟ ਉੱਤੇ ਆਧਾਰਤ ਹੈ।

ਇਨ੍ਹਾਂ ਸਾਰਿਆਂ ਨੇ ਦੱਸਿਆ ਕਿ ਪੰਜਾਬ ਦੇ ਨਵੇਂ ਚੁਣੇ ਵਿਧਾਇਕਾਂ ਵਿੱਚੋਂ 58, (50 ਫੀਸਦੀ) ਉੱਤੇ ਅਪਰਾਧਿਕ ਕੇਸ ਦਰਜ ਹਨ, ਪਿਛਲੀ ਵਿਧਾਨ ਸਭਾ ਵਿੱਚ ਇਹ ਗਿਣਤੀ 16 (14 ਫੀਸਦੀ ) ਸੀ। ਇਸ ਵਾਰ ਗੰਭੀਰ ਅਪਰਾਧਿਕ ਕੇਸਾਂ ਵਾਲੇ ਵਿਧਾਇਕਾਂ ਦੀ ਗਿਣਤੀ 27 (23 ਫੀਸਦੀ) ਹੈ, ਪਿਛਲੀ ਵਾਰ ਇਹ 11 (9 ਫੀਸਦੀ) ਸੀ। ਉਨ੍ਹਾਂ ਦੱਸਿਆ ਕਿ ਇੱਕ ਵਿਧਾਇਕ ਦੇ ਖ਼ਿਲਾਫ਼ ਕਤਲ, ਦੋ ਦੇ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਅਤੇ ਤਿੰਨ ਦੇ ਖ਼ਿਲਾਫ਼ ਔਰਤਾਂ ਵਿਰੁੱਧ ਜੁਰਮ ਨਾਲ ਸਬੰਧਤ ਕੇਸ ਦਰਜ ਹਨ। ਆਮ ਆਦਮੀ ਪਾਰਟੀ ਦੇ 92ਵਿਧਾਇਕਾਂ ਵਿੱਚੋਂ 52, ਕਾਂਗਰਸ ਦੇ 18 ਵਿਧਾਇਕਾਂ ਵਿੱਚੋਂ 3, ਅਕਾਲੀ ਦਲ ਦੇ 3 ਵਿੱਚੋਂ 2 ਅਤੇ ਬੀ ਜੇ ਪੀ ਦੇ 2 ਵਿੱਚੋਂ ਇੱਕ ਵਿਧਾਇਕ ਨੇ ਆਪਣੇ ਖ਼ਿਲਾਫ਼ ਅਪਰਾਧਿਕ ਕੇਸਦਰਜ ਹੋਏ ਮੰਨੇ ਹਨ। ਆਮ ਆਦਮੀ ਪਾਰਟੀ ਦੇ 23 ਵਿਧਾਇਕਾਂ, ਕਾਂਗਰਸ ਦੇ 2 ਅਤੇ ਸ਼੍ਰੋਮਣੀ ਅਕਾਲੀ ਦਲ ਦੇ 2 ਵਿਧਾਇਕਾਂ ਖ਼ਿਲਾਫ਼ ਗੰਭੀਰਕੇਸ ਦਰਜ ਹਨ। ਆਮ ਆਦਮੀ ਪਾਰਟੀ ਦੇ 63, ਕਾਂਗਰਸ ਦੇ 17, ਸ਼੍ਰੋਮਣੀ ਅਕਾਲੀ ਦਲ ਦੇ 3, ਬੀ ਜੇ ਪੀ ਦੇ 2 ਨੇ ਆਪਣੀ ਜਾਇਦਾਦ ਇੱਕ ਕਰੋੜ ਤੋਂ ਵੱਧ ਦੱਸੀ ਹੈ। ਕੁੱਲ 45 ਵਿਧਾਇਕਾਂ ਨੇ ਆਪਣੀ ਵਿੱਦਿਅਕ ਯੋਗਤਾ 5ਵੀਂ ਤੋਂ 12ਵੀਂ ਦੱਸੀ ਹੈ, 67 ਨੇ ਗਰੈਜੂਏਟ ਜਾਂ ਉਸ ਤੋਂ ਵੱਧ ਅਤੇ ਪੰਜ ਵਿਧਾਇਕ ਡਿਪਲੋਮਾ ਹੋਲਡਰ ਹਨ। ਉਮਰ ਪੱਖੋਂ 61 ਵਿਧਾਇਕ 25 ਤੋਂ 50 ਸਾਲ ਅਤੇ 56 ਵਿਧਾਇਕ 51 ਤੋਂ 80 ਸਾਲ ਦੀ ਉਮਰ ਦੇ ਹਨ।

# ਕਰਾਚੀ ਵਿੱਚ ਮਾਫੀਆ 5,000 ਰੁਪਏ ਦਾ ਪਾਣੀ ਦਾ ਟੈਂਕਰ ਵੇਚ ਰਿਹੈ



ਲਾਹੌਰ, 15 ਮਾਰਚ (ਪੋਸਟ ਬਿਊਰੋ)- ਅਰਬ ਸਾਗਰ ਦੇ ਕਿਨਾਰੇ ਪਾਕਿਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਕਰਾਚੀ ਵਿੱਚ ਕਈ ਪ੍ਰਸਿੱਧ ਸਮੁੰਦਰੀ ਤੱਟਾਂ ਉਤੇ ਪਾਣੀ ਹੀ ਪਾਣੀ ਹੈ, ਪਰ ਪੀਣ ਦੇ ਲਈ ਇੱਕ ਬੂੰਦ ਨਹੀਂ। ਸਿੰਧੂ ਨਦੀ ਦੇ ਪਾਣੀ ਵਿੱਚ ਕਮੀ ਕਾਰਨ ਸ਼ਹਿਰ ਵਿੱਚ ਸੋਕਾ ਹੋ ਗਿਆ ਹੈ। ਇਸ ਨਾਲ ਨੱਜਿਠਣ ਦੇ ਲਈ ਸਰਕਾਰ ਦੀ ਢਿੱਲ ਕਾਰਨ ਇਹ ਸਮੱਸਿਆ ਹਰ ਬੀਤ ਜਾਣ ਵਾਲੇ ਦਿਨ ਦੇ ਨਾਲ ਗੰਭੀਰ ਹੁੰਦੀ ਜਾ ਰਹੀ ਹੈ।

ਕਰਾਚੀ ਦੇ ਲੋਕਾਂ ਲਈ ਕੁਝ ਸਾਲਾਂ ਵਿੱਚ ਪਾਣੀ ਦੀ ਕਮੀ ਇੰਨੀ ਵੱਧ ਗਈ ਹੈ ਕਿ ਲੋਕਾਂ ਕੋਲ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿੱਜੀ ਠੇਕੇਦਾਰਾਂ ਤੋਂ ਪਾਣੀ ਖਰੀਦਣ ਦੇ ਇਲਾਵਾ ਕੋਈ ਚਾਰਾ ਨਹੀਂ। ਇਸ ਨੇ ਟੈਂਕਰ ਮਾਫੀਆ ਨੂੰ ਸਰਗਰਮ ਕਰ ਦਿੱਤਾ ਹੈ, ਜਿਹੜਾ ਬੇਵੱਸ ਜਨਤਾ ਤੋਂ ਭਾਰੀ ਰਕਮ ਵਸੂਲ ਰਿਹਾ ਹੈ। ਪਾਣੀ ਦੇ ਇੱਕ ਟੈਂਕਰ ਦੀ ਲੱਗਭਗ ਕੀਮਤ 5,000 ਰੁਪਏ ਹੁੰਦੀ ਹੈ। ਜਿਨ੍ਹਾਂ ਦੇ ਪਰਵਾਰਾਂ ਵਿੱਚ ਇਕੱਲੇ ਜੀਅ ਕਮਾਊ ਹਨ ਅਤੇ ਮੁਸ਼ਕਲ ਨਾਲ 15,000 ਰੁਪਏ ਮਹੀਨਾ ਕਮਾਉਂਦੇ ਹਨ, ਉਨ੍ਹਾਂ ਪਰਵਾਰਾਂ ਦੇ ਲਈ ਸਥਿਤੀ ਨੂੰ ਸੰਭਾਲਣਾ ਵਾਸਤਵ ਵਿੱਚ ਮੁਸ਼ਕਲ ਹੈ।

# ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਿਲ ਦੀਆਂ ਖਿੜਕੀਆਂ ਦੇ ਸ਼ੀਸ਼ੇ ਹਟਾ ਦਿੱਤੇ ਗਏ

ਅੰਮ੍ਰਿਤਸਰ, 15 ਮਾਰਚ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਿਲ ਉੱਤੇ ਅੰਦਰ ਵੱਲ ਖੁੱਲ੍ਹਦੀਆਂ ਖਿੜਕੀਆਂ ਦੇ ਬਾਹਰ ਸੁਰੱਖਿਆ ਲਈ ਲਾਏ ਸ਼ੀਸ਼ੇ ਹਟਾ ਦਿੱਤੇ ਗਏ ਹਨ। ਇਨ੍ਹਾਂ ਸ਼ੀਸ਼ਿਆਂ ਨਾਲ ਹਵਾ ਦੀ ਨਿਕਾਸੀ ਵਿੱਚ ਵਿਘਨ ਪੈ ਰਿਹਾ ਸੀ, ਜਿਸ ਨਾਲ ਸਰੋਵਰ ਦੇ ਜਲ ਵਿੱਚ ਖੜੀ ਇਸ ਇਮਾਰਤ ਨੂੰ ਨੁਕਸਾਨ ਦਾ ਖਦਸ਼ਾ ਸੀ।

ਇਸ ਤੋਂ ਪਹਿਲਾਂ ਸ੍ਰੀ ਹਰਿਮੰ-ਦਰ ਸਾਹਿਬ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਤੋਂ ਬਾਅਦ ਪ੍ਰਬੰਧਕਾਂ ਨੇ ਗੁਰੂ ਘਰ ਦੀ ਸੁਰੱਖਿਆ ਲਈ ਕਈ ਨਵੇਂ ਪ੍ਰਬੰਧ ਕੀਤੇ ਸਨ। ਗੁਰੂ ਘਰ ਦੀ ਇਮਾਰਤ ਦੀ ਪਹਿਲੀ ਮੰਜ਼ਿਲ ਉੱਤੇਅੰਦਰ ਨੂੰ ਖੁੱਲ੍ਹਣ ਵਾਲੀਆਂ ਖਿੜਕੀਆਂ ਅੱਗੇ ਸ਼ੀਸ਼ੇ ਲਾ ਕੇ ਰੋਕ ਲਾਈ ਗਈ ਸੀ ਤਾਂ ਜੋ ਕੋਈ ਵਿਅਕਤੀ ਉਪਰ ਵੱਲੋਂ ਇਨ੍ਹਾਂ ਖਿੜਕੀਆਂ ਰਾਹੀਂ ਕੋਈ ਸ਼ਰਾਰਤ ਨਾ ਕਰ ਸਕੇ। ਇਸ ਤੋਂ ਇਲਾਵਾ ਹੇਠਾਂ ਮੁੱਖ ਇਮਾਰਤ ਵਿੱਚ ਰਾਗੀਆਂ ਦੇ ਪਿੱਛੇ ਵੱਖਰਾ ਜੰਗਲਾ ਲਾ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਵਧੇਰੇ ਸੁਰੱਖਿਆ ਕਰਮਚਾਰੀ ਤੈਨਾਤ ਕੀਤੇ ਹਨ।ਗੁਰੂ ਘਰ ਦੀ ਉਪਰਲੀ ਮੰਜ਼ਿਲ ਵਿੱਚ ਸ਼ੀਸ਼ੇ ਲਾਉਣ ਦਾ ਵਿਰੋਧ ਹੋਣ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਬਾਬਾ ਗੁਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇੱਕ ਪੱਤਰ ਵੀ ਭੇਜਿਆ ਸੀ।ਹਰਿਮੰਦਰ ਸਾਹਿਬ ਦੇ ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਰਾਗੀਆਂ ਦੇ ਪਿੱਛੇ ਇੱਕ ਵੱਖਰਾ ਜੰਗਲਾ ਲਗਾਇਆ ਗਿਆ ਹੈ ਤਾਂ ਜੋ ਕੋਈ ਹੋਰ ਵਿਅਕਤੀ ਉਸ ਖੇਤਰ ਵਿੱਚ ਦਾਖਲ ਨਾ ਹੋ ਸਕੇ।

# ਵਿਧਾਇਕ ਗੁਰਦੇਵ ਮਾਨ ਵਾਅਦੇ ਮੁਤਾਬਕ ਇੱਕ ਰੁਪਏ ਤਨਖਾਹ ਉਤੇ ਕੰਮ ਕਰੇਗਾ



ਪਟਿਆਲਾ, 15 ਮਾਰਚ (ਪੋਸਟ ਬਿਊਰੋ)- ਨਾਭਾ ਹਲਕੇ ਤੋਂ ਆਮ ਆਦਮੀ ਪਾਰਟੀ ਦਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਉਸ ਨੂੰ ਵਿਧਾਇਕ ਮਿਲਣ ਵਾਲੀ ਤਨਖਾਹ ਵਿੱਚੋਂ ਸਿਰਫ ਇੱਕ ਰੁਪਿਆ ਲਏਗਾ।

ਇਸ ਸੰਬੰਧ ਵਿੱਚ ਦੇਵ ਮਾਨ ਨੇ ਕਿਹਾ ਕਿ ਉਹ ਵਾਅਦੇ ਮੁਤਾਬਕ ਸਿਰਫ ਇੱਕ ਰੁਪਏ ਤਨਖਾਹ ਉੱਤੇ ਵਿਧਾਇਕ ਵਜੋਂ ਕੰਮ ਕਰਨਗੇ। ਉਸ ਨੇ ਸੁਰੱਖਿਆ ਅਮਲਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਮਾਨ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਸ੍ਰੁਰੂ ਹੋ ਚੁੱਕੀ ਹੈ ਤੇ ਗਲਤ ਕੰਮ ਕਰਨ ਵਾਲੇ ਜਲਦੀ ਹੀ ਸੀਖਾਂ ਪਿੱਛੇ ਹੋਣੇਗੇ।ਉਨ੍ਹਾਂ ਕਿਹਾ ਕਿ ਉਸ ਨੇ ਆਪਣੇ ਸਿਆਸੀ ਸਫਰ ਦਾ ਆਗਾਜ਼ ਸਾਈਕਲ ਉੱਤੇ ਕੀਤਾ ਸੀ। ਉਹ ਅੱਗੋਂ ਵੀ ਸਾਈਕਲ ਉੱਤੇਹੀ ਨਾਭਾ ਹਲਕੇ ਦੀ ਗੇੜੀ ਲਾ ਕੇ ਵਿਕਾਸ ਕੰਮਾਂ ਦੇ ਜਾਇਜ਼ੇ ਤੋਂ ਇਲਾਵਾ ਲੋਕਾਂ ਦੀ ਸਾਰ ਲੈਂਦੇ ਰਹਿਣਗੇ। ਮਾਨ ਨੇ ਕਿਹਾ, ''ਮੈਂ ਚੋਣ ਪ੍ਰਚਾਰ ਵੀ ਸਾਈਕਲ ਉੱਤੇ ਕੀਤਾ ਸੀ ਤੇ ਮੈਨੂੰ ਫੈਂਸੀ ਕਾਰਾਂ ਦੀ ਵੀ ਲੋੜ ਨਹੀਂ।'' ਉਨ੍ਹਾਂ ਕਿਹਾ ਕਿ ''ਚੋਣ ਪ੍ਰਚਾਰ ਦੇ ਦੌਰਾਨ ਕਾਂਗਰਸ ਦੇ ਉਮੀਦਵਾਰ ਸਾਧੂ ਸਿੰਘ ਧਰਮਸੋਤ ਅਕਸਰ ਇਹ ਕਹਿ ਕੇ ਮੇਰਾ ਮਜ਼ਾਕ ਉਡਾਉਂਦਾ ਸੀ ਕਿ 'ਸਾਈਕਲ ਚਲਾਉਣ ਵਾਲੇ ਵੀ ਮੇਰੇ ਖਿਲਾਫ ਉਮੀਦਵਾਰ ਬਣ ਕੇ ਚੋਣਾਂ ਲੜ ਰਹੇ ਹਨ, ਪਰ ਅੱਜ ਉਹੀ ਸਾਈਕਲ ਚਲਾਉਣ ਵਾਲਾ ਹਲਕੇ ਦੇ ਵੋਟਰਾਂ ਵੱਲੋਂ ਦਿੱਤੇ ਪਿਆਰ ਸਦਕਾ ਵਿਧਾਇਕ ਬਣ ਗਿਆ ਹੈ।'' ਵਰਨਣ ਯੋਗ ਹੈ ਕਿ ਗੁਰਦੇਵ ਸਿੰਘ ਮਾਨ ਨੇ 52,371 ਵੋਟਾਂ ਦੇ ਵੱਡੇ ਫਰਕ ਨਾਲ ਚੋਣ ਜਿੱਤੀ ਹੈ। ਉਨ੍ਹਾਂ ਨੇ ਜਿਨ੍ਹਾਂ ਉਮੀਦਵਾਰਾਂ ਨੂੰ ਹਰਾਇਆ ਹੈ, ਉਨ੍ਹਾਂ ਵਿੱਚੋਂ ਪੰਜ ਵਾਰ ਦਾ ਵਿਧਾਇਕ ਅਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵੀ ਹੈ। ਚੋਣ ਨਤੀਜੇ ਵਿੱਚ ਸਾਧੂ ਸਿੰਘ ਧਰਮਸੋਤ 18,251 ਵੋਟਾਂ ਨਾਲ ਤੀਜੀ ਥਾਵੇਂ ਰਿਹਾ ਸੀ ਤੇ ਉਸ ਦੀ ਜ਼ਮਾਨਤ ਤਕ ਜ਼ਬਤ ਹੋ ਗਈ ਸੀ।

Steinmetz & Associates
PERSONAL INJURY LAWYERS


Harry Steinmetz
Certified as Specialist
by the Law Society of
Ontario in Civil Litigation
(with over 27yrs. of experience)


BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

